Vigilance Bureau Punjab

# VIGILANCE NABS PANCHAYAT SECRETARY RED HANDED FOR ACCEPTING BRIBE (also registers bribery case against BDPO Rajpura)

Chandigarh, August 6: State Vigilance Bureau today nabbed a Panchayat Secretary posted at Rajpura, district Patiala red handed for accepting bribe of Rs.1,10,000 and registered a corruption case against BDPO Rajpura also.

Disclosing this here today a spokesman of Vigilance Bureau Punjab said Amrik Singh Panchayat Secretary posted at Rajpura block in district Patiala was caught red handed on the complaint of Amlok Singh of village Laadbanjara Kalan district Sangrur.

Giving details he said the complainant approached the VB and alleged that BDPO Rajpura Savinder Singh and Panchayat Secretary Rajpura Amrik Singh were demanding Rs. 1,10,000 from him to refund a cheque amounting to Rs. 8.80 lakh as a security deposit for mining purposes.

After verifying his complaint the VB team laid a trap and the accused Panchayat Secretary was caught red handed and tainted money was recovered from him in the presence of two official witnesses. He informed that a case under Prevention of Corruption Act has been registered against both the accused at VB police station Patiala and further investigation was under progress.

----------------

**ਵਿਜੀਲੈਂਸ ਬਿਓਰੋ ਪੰਜਾਬ**

**ਵਿਜੀਲੈਂਸ ਵਲੋਂ ਪੰਚਾਇਤ ਸਕੱਤਰ 1 ਲੱਖ 10 ਹਜਾਰ ਰੁਪਏ ਦੀ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ**

**(ਬੀ.ਡੀ.ਪੀ.ਓ ਖਿਲਾਫ਼ ਵੀ ਰਿਸ਼ਵਤਖੋਰੀ ਦਾ ਪਰਚਾ ਦਰਜ)**

ਚੰਡੀਗੜ੍ਹ 6 ਅਗਸਤਃ ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਅੱਜ ਰਾਜਪੁਰਾ, ਜਿਲਾ ਪਟਿਆਲਾ ਵਿਖੇ ਤਾਇਨਾਤ ਪੰਚਾਇਤ ਸਕੱਤਰ ਅਮਰੀਕ ਸਿੰਘ ਨੂੰ 1 ਲੱਖ 10 ਹਜਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੰਚਾਇਤ ਸਕੱਤਰ ਅਮਰੀਕ ਸਿੰਘ ਨੂੰ ਸ਼ਿਕਾਇਤਕਰਤਾ ਅਮੋਲਕ ਸਿੰਘ, ਵਾਸੀ ਪਿੰਡ ਲਾਡਵੰਜਾਰਾਕਲਾਂ, ਜਿਲਾ ਸੰਗਰੂਰ ਦੀ ਸ਼ਿਕਾਇਤ ਉੱਤੇ ਵਿਜੀਲੈਂਸ ਬਿਉਰੋ ਵਲੋਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੇਂ ਸਰਕਾਰੀ ਰੇਤ ਦੀਆਂ ਖੱਡਾਂ ਲਈ 8 ਲੱਖ 80 ਹਜਾਰ ਰੁਪਏ ਜਮਾ ਕਰਵਾਏ ਸਨ ਅਤੇ ਉਸ ਦੀ ਵਾਪਸੀ ਦਾ 8 ਲੱਖ 80 ਹਜਾਰ ਰੁਪਏ ਦਾ ਚੈਕ ਲੈਣ ਬਦਲੇ ਬੀ.ਡੀ.ਪੀ.ਓ ਰਾਜਪੁਰਾ ਸਵਿੰਦਰ ਸਿੰਘ ਅਤੇ ਪੰਚਾਇਤ ਸਕੱਤਰ ਰਾਜਪੁਰਾ ਅਮਰੀਕ ਸਿੰਘ ਵਲੋਂ 1 ਲੱਖ 10 ਹਜਾਰ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਗਈ।

ਵਿਜੀਲੈਂਸ ਵਲੋਂ ਪੜਤਾਲ ਉਪਰੰਤ ਉਕਤ ਪੰਚਾਇਤ ਸਕੱਤਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 1 ਲੱਖ 10 ਹਜਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਹਾਂ ਦੋਸ਼ੀਆਂ ਖਿਲਾਫ਼ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।